StudentBounty.com

नामांक Roll No.

| | | | | | | |
|---|---|---|---|---|---|---|
| | | | | | | |

No. of Questions — 10

No. of Printed Pages — 7

**S—75—Punjabi (T.L.)**

# SECONDARY EXAMINATION, 2013
## PUNJABI
### ( THIRD LANGUAGE )

**Time : 3 $\frac{1}{4}$ Hours**

**Maximum Marks : 80**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 3 ਵਿੱਚ ਆਂਤਰਿਕ ਵਿਕੱਲਪ ਹੈ ।

StudentBounty.com



ਪ੍ਰਸ਼ਨ - 1. ਜਿਸ ਸਰੀਰ ਨੇ ਕਦੇ ਖੇਚਲ਼, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ, ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ। ਜਿਸ ਬਿਰਛ ਨੂੰ ਨਾ ਫੁੱਲ ਹੈ ਨਾ ਫਲ਼ ਹੈ ਨਾ ਉਸਦੀ ਠੰਢੀ ਛਾਉਂ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕਾਰ ਲਈ ਬਣਿਆ ਹੈ। ਕਾਰ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਮੁੱਕਰ ਸਕਦਾ ਹੈ ਏਸ ਗੱਲੋਂ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ, ਕਦੇ ਅਰੋਗ ਨਹੀਂ ਰਹਿ ਸਕਦਾ। ਇੱਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ, ਪਰ ਫੇਰ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ – ਕਸਰਤ ਜੋ ਕਿ ਵਿਹਲਾ ਕੰਮ ਹੈ, ਇੱਕ ਤਰ੍ਹਾਂ ਮੀਸਣਾਪਣ ਹੈ। ਜ਼ੋਰ ਤੇ ਸਮਾਂ, ਜਿਸ ਨਾਲ਼ ਦੌਲਤ ਰਚੀ ਜਾ ਸਕਦੀ ਹੈ, ਉਸ ਨੂੰ ਦੂਜਿਆਂ ਲਈ ਵਰਤਣ ਦੀ ਥਾਂ ਖ਼ਾਸ ਅਤੇ ਬਣਾਉਟੀ ਸੁਆਰਥ ਲਈ ਵਰਤਿਆ ਜਾਂਦਾ ਹੈ। ਸਰੀਰ ਜੋ ਕਾਰ ਨਹੀਂ ਕਰਦਾ, ਕੁਦਰਤ ਤੋਂ ਉੱਕਾ ਵਿਰੁੱਧ ਹੈ ਕਿਉਂਕਿ ਕਾਰ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਚੰਗੀ ਤਰ੍ਹਾਂ ਕੁਦਰਤੀ ਹਿੱਲਜੁਲ ਵਿੱਚ ਪਾ ਕੇ ਅਰੋਗ, ਸੁੰਦਰ ਤੇ ਸੁਡੌਲ ਰੱਖ ਸਕਦੀ ਹੈ।

ਉਪਰੋਕਤ ਪੈਰ੍ਹੇ ਨੂੰ ਧਿਆਨ ਨਾਲ਼ ਪੜ੍ਹ ਕੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਦਿਓ :-

$4 \times 2\frac{1}{2} = 10$

(ੳ) ਮੁਸ਼ੱਕਤ ਨਾ ਕਰਨ ਵਾਲ਼ੇ ਦੇ ਸਰੀਰ 'ਤੇ ਕੀ ਪਰਭਾਵ ਪੈਂਦਾ ਹੈ ?

(ਅ) ਪੈਰ੍ਹੇ ਅਨੁਸਾਰ ਮਨੁੱਖੀ ਸਰੀਰ ਕਿਸ ਲਈ ਬਣਿਆ ਹੈ ?

(ੲ) ਸਰੀਰ ਦੇ ਗੁਣ ਨੂੰ ਅਕਾਰਥ ਕਿਵੇਂ ਗਵਾਇਆ ਜਾਂਦਾ ਹੈ ?

(ਸ) ਸਰੀਰ ਦੇ ਸਾਰੇ ਅੰਗ ਅਰੋਗ, ਸੁੰਦਰ ਅਤੇ ਸੁਡੌਲ ਕਿਵੇਂ ਰੱਖੇ ਜਾ ਸਕਦੇ ਹਨ ?

ਪ੍ਰਸ਼ਨ - 2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲੇਖ ਲਿਖੋ :- 8

(ੳ) ਸ਼ਹੀਦ ਭਗਤ ਸਿੰਘ

(ਅ) ਮਨੁੱਖ ਤੇ ਵਿਗਿਆਨ

(ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ

(ਸ) ਟੈਲੀਵਿਯਨ ਦੇ ਲਾਭ-ਹਾਨੀਆਂ

(ਹ) ਵਿਦਿਆਰਥੀਆਂ ਵਿੱਚ ਵਧ ਰਹੀ ਨਸ਼ਿਆਂ ਦੀ ਪ੍ਰਵਿਰਤੀ ।

StudentBounty.com



ਪ੍ਰਸ਼ਨ - 3. ਹੀਰੋ ਸਾਈਕਲ ਕੰਪਨੀ ਲੁਧਿਆਣਾ ਦੇ ਮੈਨੇਜਰ ਸਾਹਿਬ ਨੂੰ ਇੱਕ ਸਾਈਕਲ ਮੰਗਵਾਉਣ ਲਈ ਪੱਤਰ ਲਿਖੋ । 4

**ਜਾਂ**

'ਪੰਜਾਬੀ ਵਿਆਕਰਨ ਅਤੇ ਲਿਖਤ ਰਚਨਾ' ਸੰਪਾਦਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵਿਆਕਰਨ ਸੰਬੰਧੀ ਪੁਸਤਕ ਮੰਗਵਾਉਣ ਲਈ ਦੁਕਾਨਦਾਰ ਨੂੰ ਇੱਕ ਪੱਤਰ ਲਿਖੋ ।

ਪ੍ਰਸ਼ਨ - 4. ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਦੇ ਹੋਏ, ਇਸਦਾ ਢੁੱਕਵਾਂ ਸਿਰਲੇਖ ਦਿਓ :- 2 + 1 = 3

ਕਵੀ ਸ਼ਾਹ ਮੁਹੰਮਦ ਇੱਕ ਦੇਸ਼ ਭਗਤ ਸੀ। ਪੰਜਾਬ ਦੇ ਕਿਣਕੇ-ਕਿਣਕੇ ਨਾਲ਼ ਉਸਦਾ ਮੋਹ ਸੀ, ਉਹ ਪੰਜਾਬ, ਜਿਹੜਾ ਹਿੰਦੂਆਂ ਤੇ ਮੁਸਲਮਾਨਾਂ ਦਾ ਸਾਂਝਾ ਪੰਜਾਬ ਸੀ। ਇਹੋ ਜਿਹੇ ਆਜ਼ਾਦੀ ਦੇ ਆਸ਼ਕ ਤੇ ਮਨੁੱਖਤਾ ਦੇ ਪੁਜਾਰੀ ਕਵੀ ਨੇ ਜਦੋਂ ਆਪਣੀ ਮਤ-ਭੂਮੀ ਉੱਤੇ ਫਰੰਗੀਆਂ ਦੀ ਨਾਪਾਕ ਨਜ਼ਰ ਪੈਂਦੀ ਦੇਖੀ ਤੇ ਫਿਰ ਦੇਸ਼ ਦੀ ਸੁਤੰਤਰਤਾ ਨੂੰ ਗੋਰਿਆਂ ਦੇ ਪੈਰਾਂ ਹੇਠ ਮਿੱਧੇ ਜਾਂਦਿਆਂ ਦੇਖਿਆ, ਤਾਂ ਉਸ ਦਾ ਕੋਮਲ ਤੇ ਦੇਸ਼-ਭਗਤ ਹਿਰਦਾ ਕੁਰਲਾ ਉੱਠਿਆ। ਉਸ ਨੇ ਆਪਣੀ ਕਲਮ ਦਾ ਮੂੰਹ ਮੋੜਿਆ ਤੇ ਦਿਲ ਦੇ ਖ਼ੂਨ ਨਾਲ਼ ਉਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਉਸ ਜੰਗ ਦਾ ਹਾਲ ਲਿਖਿਆ, ਜਿਸ ਵਿੱਚ ਵੀਰ ਪੰਜਾਬੀਆਂ ਨੂੰ ਫੁੱਟ ਦਾ ਸ਼ਿਕਾਰ ਹੋ ਕੇ ਆਪਣੀਆਂ ਕਿਸੇ ਅੱਗੇ ਨਾ ਝੁਕਣ ਵਾਲ਼ੀਆਂ ਧੌਣਾਂ ਅੰਗਰੇਜ਼ਾਂ ਸਾਹਮਣੇ ਝੁਕਾਉਣੀਆਂ ਪਈਆਂ। ਸ਼ਾਹ ਮੁਹੰਮਦ ਆਪਣੀਆਂ ਅੱਖਾਂ ਨਾਲ਼ ਆਪਣੇ ਪਿਆਰੇ ਪੰਜਾਬ ਦੇ ਜੁਆਨਾਂ ਨੂੰ ਦੁਸ਼ਮਣ ਦੇ ਹੱਥੋਂ ਮਾਰ ਖਾਂਦਾ ਤੱਕਦਾ ਹੈ, ਤਾਂ ਲਹੂ ਦੇ ਘੁੱਟ ਪੀ ਕੇ ਅੱਥਰੂਆਂ ਭਿੱਜੀ ਕਵਿਤਾ ਕਹਿ ਕੇ ਚੁੱਪ ਹੋ ਰਹਿੰਦਾ ਹੈ - ਉਹ ਕਵਿਤਾ ਜੋ ਕਦੇ ਮਰ ਨਹੀਂ ਸਕਦੀ, ਜਿਸ ਵਿੱਚ ਪੰਜਾਬ ਦਾ ਦੁਖਦਾਈ ਇਤਿਹਾਸ ਅੰਕਿਤ ਹੈ ।

ਪ੍ਰਸ਼ਨ - 5. (ੳ) ਹੇਠ ਲਿਖੇ ਸ਼ਬਦਾਂ ਨੂੰ ਅਗੇਤਰ ਅਤੇ ਪਿਛੇਤਰ ਦੇ ਤੌਰ 'ਤੇ ਵਰਤੋ :-

ਅਗੇਤਰ = ਨਿਰ, ਦੁਰ, ਬਦ। (ਤਿੰਨ-ਤਿੰਨ ਸ਼ਬਦ) $\frac{1}{2} + \frac{1}{2} + \frac{1}{2} = 1\frac{1}{2}$

ਪਿਛੇਤਰ = ਬਾਜ਼, ਦਾਰ, ਹਾਰ। (ਤਿੰਨ-ਤਿੰਨ ਸ਼ਬਦ) $\frac{1}{2} + \frac{1}{2} + \frac{1}{2} = 1\frac{1}{2}$

StudentBounty.com



(ਅ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :- 1 + 1 + 1 = 3

1. ਉਹ ਥਾਂ ਜਿੱਥੇ ਪਹਿਲਵਾਨ ਘੋਲ਼ ਕਰਦੇ ਹਨ ।

2. ਉਹ ਬੋਲੀ ਜੋ ਮਾਂ ਦੇ ਦੁੱਧ ਨਾਲ਼ ਸਿੱਖੀ ਜਾਵੇ ।

3. ਕਵਿਤਾ ਲਿਖਣਾ ਵਾਲ਼ਾ ।

(ੲ) ਹੇਠ ਲਿਖੇ ਸ਼ਬਦਾਂ ਨੂੰ ਸੋਧ ਕੇ ਲਿਖੋ :- (ਕੋਈ ਤਿੰਨ) 1 + 1 + 1 = 3

ਛੇਰ, ਮੋਹੁਬਤ, ਭਾਸਾ, ਜ਼ੈਹਰ, ਵੇਹੜਾ ।

(ਸ) ਹੇਠ ਲਿਖੇ ਵਾਕਾਂ ਦੀ ਬਣਤਰ ਬਦਲੋ :- 1 + 1 + 1 = 3

1. ਨਿਰਮਲ ਕਹਾਣੀ ਲਿਖ ਰਿਹਾ ਸੀ । (ਨਾਂਹ ਵਾਚਕ ਵਾਕ ਬਣਾਓ)

2. ਉਸ ਨੂੰ ਸਾਰੇ ਜਾਣਦੇ ਹਨ । (ਪ੍ਰਸ਼ਨ ਵਾਚਕ ਵਾਕ ਬਣਾਓ)

3. ਮੈਂ ਭੋਜਨ ਛੱਡਿਆ ਤੇ ਪੁਸਤਕ ਪੜ੍ਹੀ । (ਸਾਧਾਰਣ ਵਾਕ ਬਣਾਓ)

(ਹ) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :- (ਕੋਈ ਤਿੰਨ)

1 + 1 + 1 = 3

1. ਸਕੂਲ ’ਚੋਂ ਛੁੱਟੀ ਕਦੋਂ ਹੁੰਦੀ ਹੈ

2. ਵਾਹ ਅੰਬ ਕਿਹਾ ਸੁਆਦਲਾ ਹੈ

3. ਰੋਟੀ ਟੁੱਕ ਤਿਆਰ ਕਰਨ ’ਚ ਹੋਰ ਕਿੰਨਾ ਸਮਾਂ ਲੱਗੇਗਾ

4. ਰਾਮ ਸ਼ਾਮ ਤੇ ਨਿਹਾਲ ਖੇਡ ਰਹੇ ਹਨ

StudentBounty.com



ਪ੍ਰਸ਼ਨ - 6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ :- $6 \times 1\frac{1}{2} = 9$

(ੳ) ਪੰਜਾ ਸਾਹਿਬ ਦੇ ਲੋਕਾਂ ਨੇ ਗੱਡੀ ਨੂੰ ਕਿਵੇਂ ਰੋਕਿਆ ?

(ਅ) ਗਸ਼ਤ ਉੱਤੇ ਜਾਣ ਵੇਲੇ ਮੁਖਤਿਆਰ ਸਿੰਘ ਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦੀ ਚਿੰਤਾ ਹੈ ?

(ੲ) ਟਾਲਸਟਾਏ ਨੂੰ ਕੀ-ਕੀ ਕੌੜੇ ਤਜੱਰਬੇ ਹੋਏ ?

(ਸ) ਭਾਰਤੀਆਂ ਦਾ ਕੈਨੇਡਾ ਪੁੱਜਣਾ ਰੋਕਣ ਲਈ ਉੱਥੋਂ ਦੀ ਸਰਕਾਰ ਨੇ ਕੀ-ਕੀ ਸ਼ਰਤਾਂ ਲਾਈਆਂ ?

(ਹ) ਬਾਬੇ ਪੁੰਨੂੰ ਨੇ ਪਹਿਲਵਾਨ ਦੀ 'ਵਿਜੈ ਪਤਾਕਾ' ਕਿਵੇਂ ਝੁਕਾਈ ?

(ਕ) ਭਾਰਤ ਵਿੱਚ ਵੰਡ ਸਮੇਂ ਉਜੜੇ ਲੋਕਾਂ ਨੂੰ ਕਿਹੋ ਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ? (ਟੁੱਟੀ ਭੱਜੀ ਨੌਕਰੀ ਦੇ ਆਧਾਰ ਤੇ)

ਪ੍ਰਸ਼ਨ - 7. ਕੋਈ ਪੰਜ ਪ੍ਰਸ਼ਨ ਕਰੋ :- $5 \times 1 = 5$

(ੳ) 'ਕਸਤੂਰੀ ਵਾਲ਼ਾ ਮਿਰਗ' ਕਿਸ ਕਹਾਣੀਕਾਰ ਦੀ ਰਚਨਾ ਹੈ ?

(ਅ) 'ਦੁਸ਼ਮਣ' ਇਕਾਂਗੀ ਵਿੱਚ ਦੁਸ਼ਮਣ ਕਿਸ ਨੂੰ ਕਿਹਾ ਗਿਆ ਹੈ ?

(ੲ) ਦਸੌਂਦਾ ਸਿੰਘ ਨੂੰ ਪੈਸਾ ਜਲਦੀ ਕਿਸ ਲਈ ਚਾਹੀਦਾ ਸੀ ?

(ਸ) 'ਮੈਨੇ ਤੁਮਕੋ ਨਾ ਮਿਲਨੇ ਕੀ ਕਸਮ ਖਾਈ ਹੈ' ਇਹ ਸਤਰਾਂ ਕਿਸ ਕਹਾਣੀ ਵਿੱਚੋਂ ਹਨ ?

(ਹ) 'ਅਗਲੇ ਜ਼ਮਾਨੇ' ਨਿਬੰਧ ਦੇ ਲੇਖਕ ਦਾ ਨਾਂ ਦੱਸੋ ।

(ਕ) 'ਪ੍ਰਾਰਥਨਾ' ਪਾਠ ਦੇ ਅਨੁਸਾਰ ਸਭ ਤੋਂ ਸਿਆਣਾ ਆਦਮੀ ਕਿਸ ਨੂੰ ਗਿਣਿਆ ਜਾਂਦਾ ਹੈ ?

(ਖ) ਗੁਰੂ ਤੇਗ ਬਹਾਦਰ ਜੀ ਨੇ ਕਿਹੜਾ ਨਗਰ ਵਸਾਇਆ ?

StudentBounty.com



ਪ੍ਰਸ਼ਨ - 8. ਕੋਈ ਦੋ ਪ੍ਰਸ਼ਨ ਕਰੋ :- $2 \times 3 = 6$

(ੳ) ਸਤਿਗੁਰ ਰਾਮ ਸਿੰਘ ਜੀ ਨੇ ਇਸਤਰੀਆਂ ਦੀ ਦਸ਼ਾ ਸੁਧਾਰਨ ਵਾਸਤੇ ਕੀ-ਕੀ ਕੀਤਾ ?

(ਅ) ਡਾ. ਰਾਧਾ ਕ੍ਰਿਸ਼ਨਨ ਨੇ ਦੇਸ਼ ਤੇ ਵਿਦੇਸ਼ ਵਿੱਚ ਕਿਹੜੇ-ਕਿਹੜੇ ਪ੍ਰਮੁੱਖ ਅਹੁਦਿਆਂ ਉੱਤੇ ਕੰਮ ਕੀਤਾ ?

(ੲ) ਦੁਕਾਨਦਾਰ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਕੀ-ਕੀ ਮਿਲਾਵਟਾਂ ਕਰਦੇ ਹਨ ?

ਪ੍ਰਸ਼ਨ - 9. ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :- $5 + 5 = 10$

(ੳ) ਉਮਰ ਗਵਾਈ ਵਿੱਚ ਮਸੀਤੀ
ਅੰਦਰ ਭਰਿਆ ਨਾਲ ਪਲੀਤੀ
ਕਦੇ ਨਮਾਜ਼ ਵਹਦਤ ਨਾ ਕੀਤੀ
ਹੁਣ ਕਿਉਂ ਡਰਨਾ ਏਂ ਧਾੜੋ ਧਾਰ
ਇਸ਼ਕ ਦੀ ਨਵੀਓ ਨਵੀਂ ਬਹਾਰ।

(ਅ) "ਲੱਖ ਲੱਖ ਵਾਰੀ ਤੈਥੋਂ, ਵਾਰੀ ਜਾਵੇ ਅੰਬੜੀ ਇਹ,
ਸੱਟ ਤਾਂ ਨਹੀਂ ਲੱਗੀ ਮੇਰੇ ਬੱਚਿਆ ਪਿਆਰਿਆ ?"
ਇਹ ਹੌਸਲਾ ਏ ਮਾਂ ਦੇ ਪਿਆਰ ਦਾ ਈ,
ਪੁੱਤ ਹੱਥੋਂ ਮਰ ਕੇ ਵੀ ਮੋਹ ਨਹੀਂ ਵਿਸਾਰਿਆ।

(ੲ) ਤੂ ਠਾਕੁਰ ਤੁਮ ਪਹਿ ਅਰਦਾਸਿ ॥
ਜੀਉ ਪਿੰਡੁ ਸਭੁ ਤੇਰੀ ਰਾਸਿ ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥

StudentBounty.com



ਪ੍ਰਸ਼ਨ - 10. ਕੋਈ ਦੋ ਪ੍ਰਸ਼ਨ ਕਰੋ :- $2 \times 5 = 10$

(ੳ) 'ਸੋ ਕਿਉ ਮੰਦਾ ਆਖਿਐ' ਕਵਿਤਾ ਦੇ ਅਨੁਸਾਰ ਇਸਤਰੀ ਦੀ ਸੰਸਾਰ ਵਿੱਚ ਕੀ ਮਹਾਨਤਾ ਹੈ ?

(ਅ) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ ।

(ੲ) 'ਔਰਤ ਦੀ ਹੱਕ-ਤਲਫ਼ੀ' ਦਾ ਕਵੀ ਕਿਹੜੀ ਮਜ਼ਬੂਰੀ ਕਰਕੇ ਪਰੇਸ਼ਾਨ ਹੈ ?